**ਸ੍ਰ. ਗੁਰਦਿਆਲ ਸਿੰਘ:-** ਇਸ ਤੋਂ ਪਿੱਛੋਂ ਦੇ ਨਾਵਲਕਾਰਾਂ ਵਿਚ ਗੁਰਦਿਆਲ ਸਿੰਘ ਹੈ। ਉਸ ਨੇ ਪੰਜਾਬੀ ਸਾਹਿਤ ਨੂੰ ਮੜ੍ਹੀ ਦਾ ਦੀਵਾ, ਅਣਹੋਏ, ਕੁਵੇਲਾ, ਰੇਤ ਦੀ ਮੁੱਠ, ਅੰਨ੍ਹੇ ਘੋੜੇ ਦਾ ਦਾਨ, ਅੱਧ ਚਾਨਣੀ ਰਾਤ, ਆਥਣ-ਉਗਣ, ਪਹੁ ਫੁਟਾਲੇ ਤੋਂ ਪਹਿਲਾਂ ਆਦਿ ਨਾਵਲ ਦਿੱਤੇ। ਉਸ ਦੇ ਨਾਵਲਾਂ ਦੀ ਵਿਲੱਖਣਤਾ ਇਹ ਹੈ ਕਿ ਉਸ

Scanned with CamScanner

ਨੇ ਆਪਣੇ ਨਾਵਲਾਂ ਵਿਚ ਵਧੇਰੇ ਨਿਮਨ ਪੇਂਡੂ ਸ਼੍ਰੇਣੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਉਸ ਦੇ ਨਾਵਲਾਂ ਦਾ ਘੇਰਾ ਮਾਲਵੇ ਦੇ ਪਿੰਡਾਂ ਤੱਕ ਸੀਮਤ ਹੈ। ਇਸ ਕਾਰਣ ਕਈ ਵਿਦਵਾਨ ਉਸ ਦੇ ਨਾਵਲਾਂ ਨੂੰ ਆਂਚਲਿਕ ਉਪਨਿਆਸ ਦੀ ਸ਼੍ਰੇਣੀ ਵਿਚ ਰੱਖਦੇ ਹਨ।

ਗੁਰਦਿਆਲ ਸਿੰਘ ਨੇ ਵੀ ਪੰਜਾਬੀ ਨਾਵਲ ਵਿਚ ਕੁਝ ਨਵੇਂ ਤਜ਼ਰਬੇ ਕੀਤੇ ਹਨ। ਉਸ ਦੇ ਨਾਵਲਾਂ ਵਿਚ ਨਾਨਕ ਸਿੰਘ ਪਰੰਪਰਾ ਤੋਂ ਹੱਟ ਕੇ ਕਥਾਨਕ ਅਤੇ ਪਾਤਰ ਲਏ ਗਏ ਹਨ। ਉਸ ਦੇ ਨਾਵਲਾਂ ਵਿਚ ਪਹਿਲਾ ਪ੍ਰਯੋਗ ਇਹ ਹੈ ਕਿ ਇਨ੍ਹਾਂ ਵਿਚ ਮੱਧ ਵਰਗ ਦੀ ਥਾਂ ਪੇਂਡੂ ਨਿਮਨ ਵਰਗ ਦੀਆਂ ਸਮੱਸਿਆਵਾਂ ਨੂੰ ਲਿਆ ਗਿਆ ਹੁੰਦਾ ਹੈ। ਉਸ ਦੇ ਪਾਤਰ ਸਾਧਾਰਣ ਦੀ ਥਾਂ ਅਣ-ਹੋਏ ਹਨ ਜਿਵੇਂ:- ਮੜ੍ਹੀ ਦਾ ਦੀਵਾ ਦਾ ਜਗਸੀਰ, ਅਣਹੋਏ ਦਾ ਬਿਸ਼ਨਾ, ਅੱਧ ਚਾਨਣੀ ਰਾਤ ਦਾ ਮੋਹਨ ਅਤੇ 'ਪਰਸਾ' ਦਾ ਪਰਸਾ। ਡਾ. ਉੱਪਲ ਅਨੁਸਾਰ, "ਗੁਰਦਿਆਲ ਸਿੰਘ ਨੇ ਨਾਵਲ ਅੱਧ ਚਾਨਣੀ ਰਾਤ ਵਿਚ ਇਕ ਮਨੋਵਿਗਿਆਨਿਕ ਸੱਚਾਈ ਪੇਸ਼ ਕੀਤੀ ਹੈ, ਜਿਸ ਕਾਰਣ ਇਸ ਨਾਵਲ ਦੇ ਵਿਸ਼ੇ ਨੂੰ ਸਦੀਵਤਾ, ਵਿਸ਼ਵ-ਵਿਆਪਕਤਾ ਅਤੇ ਸਾਰਥਕਤਾ ਮਿਲਦੀ ਹੈ। ਮਰਦ ਦੀ ਕਮਜ਼ੋਰੀ ਔਰਤ ਅਤੇ ਔਰਤ ਦੀ ਕਮਜ਼ੋਰੀ ਮਰਦ ਰਿਹਾ ਹੈ ਤੇ ਰਹੇਗਾ। ਇਹ ਇਕ ਦੂਜੇ ਬਿਨਾ ਅਪੂਰਨ ਤੇ ਅਸੰਤੁਲਿਤ ਹਨ। ਦੋਹਾਂ ਧਿਰਾਂ ਨੂੰ ਪੂਰਨਤਾ, ਸ਼ਾਂਤੀ ਤੇ ਮਾਨਸਿਕ ਸੰਤੁਲਨ ਇਕ ਦੂਜੇ ਤੋਂ ਹੀ ਮਿਲਦਾ ਹੈ।"

ਗੁਰਦਿਆਲ ਸਿੰਘ ਬਾਰੇ ਦਿੱਤੀ ਡਾ. ਪ੍ਰਮਿੰਦਰ ਸਿੰਘ ਅਤੇ ਸਹਿਯੋਗੀਆਂ ਦੀ ਇਸ ਰਾਇ ਨਾਲ ਅਸੀਂ ਸਹਿਮਤ ਹਾਂ ਕਿ ਆਪਣੇ ਨਾਵਲਾਂ ਦੀ ਵਿਸ਼ੇਸ਼ ਪ੍ਰਕ੍ਰਿਤੀ ਤੇ ਯਥਾਰਥਵਾਦੀ ਅੰਤਰ-ਦ੍ਰਿਸ਼ਟੀ ਸਫ਼ਲ ਪਾਤਰ ਚਿਤਰਣ ਤੇ ਮਾਲਵੇ ਦੇ ਸਥਾਨਕ ਸਭਿਆਚਾਰਕ ਪਿਛੋਕੜ ਕਾਰਨ ਗੁਰਦਿਆਲ ਸਿੰਘ ਦੇ ਨਾਵਲ ਸੁਤੰਤਰਤਾ ਕਾਲ ਦੇ ਪੰਜਾਬੀ ਨਾਵਲ ਦੇ ਵਿਕਾਸ ਵਿਚ ਵਿਸ਼ੇਸ਼ ਭੂਮਿਕਾ ਨੂੰ ਨਿਭਾਉਂਦੇ ਹਨ।

Scanned with CamScanner

**ਆਂਚਲਿਕ ਉਪਨਿਆਸ :-** ਆਂਚਲਿਕ ਉਪਨਿਆਸ ਲਿਖਣ ਵੱਲ ਹੁਣ ਕਾਫ਼ੀ ਧਿਆਨ ਦਿੱਤਾ ਜਾਂਦਾ ਹੈ। ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਇਸ ਤਰ੍ਹਾਂ ਦੇ ਨਾਵਲ ਲਿਖੇ ਜਾ ਰਹੇ ਹਨ। ਇਸ ਤਰ੍ਹਾਂ ਦੇ ਨਾਵਲ ਕਿਸੇ ਵਿਸ਼ੇਸ਼ ਖੇਤਰ ਅਤੇ ਉੱਥੋਂ ਦੇ ਲੋਕਾਂ ਦੇ ਜੀਵਨ ਨੂੰ ਪ੍ਰਗਟਾਉਂਦੇ ਹਨ। ਯਤਨ ਇਹ ਕੀਤਾ ਜਾਂਦਾ ਹੈ ਕਿ ਉਸ ਖੇਤਰ ਦੀਆਂ ਪਰੰਪਰਾਵਾਂ, ਰੀਤੀ-ਰਿਵਾਜ, ਰਹਿਣ-ਸਹਿਣ, ਭਾਸ਼ਾ ਆਦਿ ਸੰਬੰਧਿਤ ਨਾਵਲ ਵਿਚ ਆ ਜਾਣ। ਇਸ ਤਰ੍ਹਾਂ ਦੇ ਨਾਵਲਾਂ ਦਾ ਘੇਰਾ ਇਸ ਤਰ੍ਹਾਂ ਸੀਮਤ ਹੋ ਜਾਂਦਾ ਹੈ ਅਤੇ ਪਾਤਰਾਂ ਦੀ ਗਿਣਤੀ ਬਹੁਤ ਵੱਧ ਜਾਂਦੀ ਹੈ। ਡਾ. ਟੰਡਨ ਦੇ ਵਿਚਾਰ ਵਿਚ, ਇਸ ਤਰ੍ਹਾਂ ਨਾਲ ਆਂਚਲਿਕ ਉਪਨਿਆਸ ਸਰੂਪਗਤ ਭਿੰਨਤਾ ਦੀ ਦ੍ਰਿਸ਼ਟੀ ਤੋਂ ਕਥਾ-ਖੇਤਰ ਤੋਂ ਇਲਾਵਾ ਹੋਰ ਤੱਤਾਂ ਦੇ ਖੇਤਰ ਵਿਚ ਵੀ ਆਪਣੀਆਂ ਸੀਮਾਵਾਂ ਅਤੇ ਵਿਸ਼ੇਸ਼ਤਾਵਾਂ ਰੱਖਦਾ ਹੈ। ਕਥਾ-ਖੇਤਰ ਦੇ ਅਨੁਸਾਰ ਹੀ ਉਪਨਿਆਸ ਦੇ ਪਾਤਰਾਂ ਦੀ ਭਾਸ਼ਾ, ਚਰਿੱਤਰ ਅਤੇ ਵਿਵਹਾਰ ਵਿਚ ਪ੍ਰਦੇਸ਼ਕਤਾ ਸਮਾਵਿਸ਼ਟ ਹੋ ਜਾਂਦੀ ਹੈ ਅਤੇ ਵਰਣਨਾਂ ਵਿਚ ਸਥਾਨਕ ਰੰਗਾਂ ਦੀ ਬਹੁਲਤਾ ਹੋ ਜਾਂਦੀ ਹੈ। ਵਧੇਰੇ ਕਰਕੇ ਆਂਚਲਿਕ ਉਪਨਿਆਸ ਵਰਣਨਾਤਮਕ ਸ਼ੈਲੀ ਵਿਚ ਹੁੰਦੇ ਹਨ। ਇਨ੍ਹਾਂ ਦੀ ਕਥਾ ਵਿਚ ਸੂਤਰ-ਬੱਧਤਾ ਦੇ ਗੁਣ ਦੀ ਕਮੀ ਹੁੰਦੀ ਹੈ।

ਪੰਜਾਬੀ ਵਿਚ ਇਸ ਤਰ੍ਹਾਂ ਦੇ ਨਾਵਲ ਬਹੁਤ ਘੱਟ ਲਿਖੇ ਜਾਂਦੇ ਹਨ। ਹਾਂ ਇਸ ਪਾਸੇ ਸ੍ਰ: ਗੁਰਦਿਆਲ ਸਿੰਘ ਅਤੇ ਦਲੀਪ ਕੌਰ ਟਿਵਾਣਾ ਨੇ ਕੁਝ ਯਤਨ ਜ਼ਰੂਰ ਕੀਤੇ ਹਨ :-

**ਬਣਤਰ ਦੇ ਆਧਾਰ 'ਤੇ**

Scanned with CamScanner